# ਅਰਦਾਸ

## ਅਰਦਾਸ ਕੀ ਹੈ?

ਅਰਦਾਸ ਦਾ ਮਤਲਬ ਹੈ: ਬੇਨਤੀ ਜਾਂ ਅਰਜੋਈ ਕਰਨਾ।

ਵਾਹਿਗੁਰੂ ਅੱਗੇ ਅਰਦਾਸ ਕੋਈ ਵੀ ਸ਼ਖ਼ਸ, ਕਿਸੇ ਵੀ ਸਮੇਂ ਕਰ ਸਕਦਾ ਹੈ। ਅਰਦਾਸ ਦੇ ਸ਼ਬਦਾਂ ਦੀ ਚੋਣ ਸਮੇਂ ਅਨੁਸਾਰ ਕੀਤੀ ਜਾ ਸਕਦੀ ਹੈ, ਲੇਕਿਨ ਪੰਥ ਪਰਵਾਨਤ ਅਰਦਾਸ ਦਾ ਖਰੜਾ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੁਆਰਾ ਪ੍ਰਕਾਸ਼ਿਤ ਸਿੱਖ-ਰਹਿਤ ਮਰਯਾਦਾ ਵਿਚ ਦਰਜ ਹੈ।

ਗੁਰਦੁਆਰਾ ਸਾਹਿਬ ਜਾਂ ਧਾਰਮਿਕ ਸਮਾਗਮ ਮੌਕੇ ਅਰਦਾਸ ਕਰਨ ਵਾਲੇ ਨੂੰ ਅਰਦਾਸੀਆ ਵੀ ਕਿਹਾ ਜਾਂਦਾ ਹੈ।

ਕਿਸੇ ਵੀ ਕਾਰਜ ਦੀ ਆਰੰਭਤਾ ਤੇ ਸੰਪੂਰਨਤਾ ਲਈ ਕੇਵਲ ਵਾਹਿਗੁਰੂ ਅੱਗੇ ਬੇਨਤੀ ਕਰਨ ਦਾ ਵਿਧਾਨ ਹੈ।

ਪਰਮ ਪਿਤਾ ਅਕਾਲਪੁਰਖ ਦੇ ਸਨਮੁਖ ਨਿਸ਼ਚੈ ਨਾਲ ਕੀਤੀ ਅਰਦਾਸ ਯਕੀਨਨ ਪ੍ਰਵਾਨ ਹੁੰਦੀ ਹੈ।

# ਅਰਦਾਸ

ਅਰਦਾਸ ਵਿਚ ਸਿੱਖ ਗੁਰੂ ਸਾਹਿਬਾਨ, ਪੰਜ ਪਿਆਰੇ, ਚਾਰ ਸਾਹਿਬਜ਼ਾਦੇ ਅਤੇ ਧਰਮ ਹੇਤ ਸ਼ਹੀਦ ਹੋਏ ਸਿੰਘ-ਸਿੰਘਣੀਆਂ ਨੂੰ ਯਾਦ ਕੀਤਾ ਜਾਂਦਾ ਹੈ। ਸਿੱਖ ਕੌਮ ਦੇ ਪੰਜਾਂ ਤਖ਼ਤਾਂ ਨੂੰ ਯਾਦ ਕੀਤਾ ਜਾਂਦਾ ਹੈ।

ਅਕਾਲ ਪੁਰਖ ਵਾਹਿਗੁਰੂ ਪਾਸੋਂ ਕੀਤੀ ਗਈ ਪਹਿਲੀ ਮੰਗ ਸਿੱਖ ਨੂੰ ਸਵਾਸ-ਸਵਾਸ ਵਾਹਿਗੁਰੂ ਸਿਮਰਨ ਦੀ ਹੈ।

ਸਿੱਖ ਦੇ ਲਈ ਦਾਤ ਵਜੋਂ ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਭਰੋਸਾ ਦਾਨ, ਵਿਸਾਹ ਦਾਨ ਅਤੇ ਸਭ ਤੋਂ ਉੱਤਮ ਨਾਮ ਅਤੇ ਇਸ਼ਨਾਨ ਦੀ ਬੇਨਤੀ ਹੈ।

ਇਸ ਉਪਰੰਤ ਸਿੱਖ ਪੰਥ ਪਾਸੋਂ ਵਿਛੜੇ ਗੁਰਧਾਮਾਂ ਨਨਕਾਣਾ ਸਾਹਿਬ ਅਤੇ ਹੋਰ ਗੁਰਧਾਮਾਂ ਦੀ ਸੇਵਾ ਸੰਭਾਲ ਬਖਸ਼ੇ ਜਾਣ ਦੀ ਅਰਜੋਈ ਹੈ।

ਅਖੀਰ ਵਿਚ ਅਰਦਾਸ ਕਰਨ ਤੋਂ ਪਹਿਲਾਂ ਪੜ੍ਹੀਆਂ ਗਈਆਂ ਬਾਣੀਆਂ ਦਾ ਜ਼ਿਕਰ, ਉਨ੍ਹਾਂ ਦੀ ਪਰਵਾਨਗੀ, ਬਾਣੀ ਪੜ੍ਹਦਿਆਂ ਹੋਈਆਂ ਭੁਲਾਂ ਦੀ ਖਿਮਾ ਯਾਚਨਾ ਕੀਤੀ ਜਾਂਦੀ ਹੈ।

ਇਸ ਉਪਰੰਤ ਜਿਸ ਮਕਸਦ ਲਈ ਅਰਦਾਸ ਕੀਤੀ ਗਈ ਹੈ, ਉਸ ਦਾ ਜ਼ਿਕਰ ਕੀਤਾ ਜਾਂਦਾ ਹੈ।

# ਅਰਦਾਸ

ਅਰਦਾਸ ਸਾਨੂੰ ਇਹ ਵੀ ਸਿਖਾਉਂਦੀ ਹੈ, ਕਿ ਸਾਨੂੰ ਆਪਣੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਦਰ-ਦਰ ਭਟਕਣ ਦੀ ਬਜਾਇ, ਸਾਨੂੰ ਇਨ੍ਹਾਂ ਮੁਸ਼ਕਿਲਾਂ ਨਾਲ ਨਜਿੱਠਣ ਦੀ ਤਾਕਤ ਮੰਗਣੀ ਚਾਹੀਦੀ ਹੈ।

ਅਰਦਾਸ ਸਾਨੂੰ ਇਹ ਵਿਸ਼ਵਾਸ ਵੀ ਦਿਵਾਉਂਦੀ ਹੈ, ਕਿ ਮੇਰੇ ਅਤੇ ਵਾਹਿਗੁਰੂ ਦੇ ਵਿਚਕਾਰ ਕੋਈ ਵਿਚੋਲਾ ਨਹੀਂ।

ਅਰਦਾਸ ਦਾ ਪਹਿਲਾ ਭਾਗ ਗੁਰਮੁਖੀ ਵਿਚ ਕੀਤਾ ਜਾਂਦਾ ਹੈ, ਜਦਕਿ ਬਾਕੀ ਦੀ ਅਰਦਾਸ ਸਥਾਨਕ ਭਾਸ਼ਾ ਵਿਚ ਵੀ ਕੀਤੀ ਜਾ ਸਕਦੀ ਹੈ।

ਅਰਦਾਸ ਦੇ ਹਰ ਪਹਿਰੇ ਤੋਂ ਬਾਅਦ ਸਾਰੀ ਸੰਗਤ “ਵਾਹਿਗੁਰੂ” ਉਚਾਰਨ ਕਰਦੀ ਹੈ, ਇਹ ਅਰਦਾਸੀਏ ਸਿੰਘ ਵੱਲੋਂ ਕੀਤੀ ਜਾ ਰਹੀ ਅਰਦਾਸ ਦੀ ਪੁਸ਼ਟੀ ਦਰਸਾਉਂਦੀ ਹੈ।

# ਅਰਦਾਸ

## ਅਰਦਾਸ ਕਦੋਂ ਕੀਤੀ ਜਾਂਦੀ ਹੈ

- ਅਖੰਡ ਪਾਠ ਸਾਹਿਬ ਸ਼ੁਰੂ ਕਰਨ ਤੋਂ ਪਹਿਲਾਂ ਅਤੇ ਸਮਾਪਤੀ ਵੇਲੇ
- ਅਖੰਡ ਪਾਠ ਦੌਰਾਨ, ਅਨੰਦ ਸਾਹਿਬ ਤੋਂ ਬਾਅਦ
- ਅੰਮ੍ਰਿਤ ਛਕ ਕੇ ਸਿੰਘ ਸਜਣ ਮੌਕੇ
- ਨਾਮਕਰਨ ਦੀ ਰਸਮਾਂ
- ਅਨੰਦ ਕਾਰਜ ਮੌਕੇ
- ਅੰਤਿਮ ਸੰਸਕਾਰਾਂ ਸਮੇਂ
- ਪਰਮਾਤਮਾ ਦਾ ਸ਼ੁਕਰਾਨਾ ਕਰਨ ਲਈ
- ਆਪਣੇ ਪਾਪਾਂ ਨੂੰ ਸਵੀਕਾਰ ਕਰਨ ਲਈ ਜਾਂ ਮੁਆਫੀ ਮੰਗਣ ਲਈ

ਅਰਦਾਸ ਦੀ ਸ਼ੁਰੂਆਤ

“ਵਾਰ ਸ੍ਰੀ ਭਗਉਤੀ* ਜੀ ਕੀ”

ਨਾਲ ਸ਼ੁਰੂ ਹੁੰਦੀ ਹੈ।

* ਭਗਉਤੀ ਸ਼ਬਦ ਅਕਾਲ ਪੁਰਖ ਅਤੇ ਖੜਗ ਦੋਨਾਂ ਲਈ ਵਰਤਿਆ ਗਿਆ ਹੈ।

# ਅਰਦਾਸ

## ਪ੍ਰੰਪਰਾ ਅਨੁਸਾਰ ਅਰਦਾਸ ਤੋਂ ਪਹਿਲਾਂ

ਆਨੰਦ ਸਾਹਿਬ ਦੀਆਂ ਛੇ ਪੌੜੀਆਂ

ਫਿਰ ਖੜੇ ਹੋ ਕੇ
ਸੁਖਮਨੀ ਸਾਹਿਬ ਵਿਚੋਂ ਗੁਰੂ ਅਰਜਨ ਸਾਹਿਬ ਜੀ ਦਾ
ਇਹ ਸ਼ਬਦ ਪੜਿਆ ਜਾਂਦਾ ਹੈ:

ਤੂ ਠਾਕੁਰੁ ਤੁਮ ਪਹਿ ਅਰਦਾਸਿ ॥
ਜੀਉ ਪਿੰਡੁ ਸਭੁ ਤੇਰੀ ਰਾਸਿ ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥
ਕੋਇ ਨ ਜਾਨੈ ਤੁਮਰਾ ਅੰਤੁ ॥
ਊਚੇ ਤੇ ਊਚਾ ਭਗਵੰਤ ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥
ਤੁਮ ਤੇ ਹੋਇ ਸੁ ਆਗਿਆਕਾਰੀ ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥
ਨਾਨਕ ਦਾਸ ਸਦਾ ਕੁਰਬਾਨੀ ॥੮॥੪॥

# ਅਰਦਾਸ

## ਸਿੱਖ ਰਹਿਤ ਮਰਯਾਦਾ ਅਨੁਸਾਰ
## ਅਰਦਾਸ ਕਰਨ ਦੀ ਵਿਧੀ

ਅਰਦਾਸ ਕਰਨ ਸਮੇਂ ਸਮੁੱਚੀ ਸੰਗਤ ਨੂੰ ਹੱਥ ਜੋੜ ਕੇ ਖੜੇ ਹੋ ਜਾਣਾ ਚਾਹੀਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ* ਬੈਠੇ ਸਿੰਘ ਨੂੰ ਵੀ ਖੜੇ ਹੋ ਕੇ, ਚੌਰ ਸਾਹਿਬ ਦੀ ਸੇਵਾ ਕਰਨੀ ਚਾਹੀਦੀ ਹੈ।

ਅਰਦਾਸ ਦੀ ਅਗਵਾਈ ਕਰਨ ਵਾਲੇ ਵਿਅਕਤੀ ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ, ਹੱਥ ਜੋੜ ਕੇ ਖੜ੍ਹੇ ਹੋ ਕੇ ਅਰਦਾਸ ਕਰਨੀ ਚਾਹੀਦੀ ਹੈ। ਜੇਕਰ ਗੁਰੂ ਗ੍ਰੰਥ ਸਾਹਿਬ ਉਸ ਥਾਂ ’ਤੇ ਮੌਜੂਦ ਨਾ ਹੋਣ ਤਾਂ ਕਿਸੇ ਵੀ ਦਿਸ਼ਾ ਵੱਲ ਮੂੰਹ ਕਰਕੇ ਅਰਦਾਸ ਕੀਤੀ ਜਾ ਸਕਦੀ ਹੈ।

ਇਸ ਤੋਂ ਉਪਰੰਤ ਅਰਦਾਸ ਵਿਚ ਸ਼ਾਮਿਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਦਬ ਨਾਲ ਮੱਥਾ ਟੇਕੇ ਅਤੇ ਫਿਰ ਖੜ੍ਹੇ ਹੋ ਕੇ

‘ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ’

ਬੁਲਾਵੇ।

---

* ਤਾਬਿਆ ਦਾ ਮਤਲਬ ਹੈ, ਕਿ ਉਹ ਸਿੰਘ ਜਿਹੜਾ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਪ੍ਰਕਾਸ਼ਮਾਨ ਕਰਕੇ ਪਾਠ ਕਰਦਾ ਹੈ, ਉਸਨੂੰ ਤਾਬਿਆ ਬੈਠਾ ਸਿੰਘ ਕਹਿੰਦੇ ਹਨ।

# ਅਰਦਾਸ

ਸ਼੍ਰੋਮਣੀ ਕਮੇਟੀ ਅਨੁਸਾਰ

# ਅਰਦਾਸ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਭਗੌਤੀ ਜੀ ਸਹਾਇ॥

ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦*॥

ਪ੍ਰਿਥਮ ਭਗੌਤੀ ਸਿਮਰਿ ਕੈ

ਗੁਰ ਨਾਨਕ ਲਈਂ ਧਿਆਇ।

ਫਿਰ ਅੰਗਦ ਗੁਰ ਤੇ ਅਮਰਦਾਸ

ਰਾਮਦਾਸੈ ਹੋਈਂ ਸਹਾਇ।

ਅਰਜਨ ਹਰਗੋਬਿੰਦ ਨੋ

ਸਿਮਰੌ ਸ੍ਰੀ ਹਰਿਰਾਇ।

ਸ੍ਰੀ ਹਰਿਕ੍ਰਿਸ਼ਨ ਧਿਆਈਐ

ਜਿਸ ਡਿਠੇ ਸਭਿ ਦੁਖ ਜਾਇ

ਤੇਗ਼ ਬਹਾਦਰ ਸਿਮਰੀਐ

ਘਰ ਨਉ ਨਿਧਿ ਆਵੈ ਧਾਇ

ਸਭ ਥਾਈਂ ਹੋਇ ਸਹਾਇ

ਦਸਵੇਂ ਪਾਤਸ਼ਾਹ

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ

ਸਭ ਥਾਈਂ ਹੋਇ ਸਹਾਇ।

ਦਸਾਂ ਪਾਤਸ਼ਾਹੀਆਂ ਦੀ ਜੋਤਿ

---

* ਦਸਵੀਂ ਬੋਲੋ

# ਅਰਦਾਸ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੇ ਪਾਠ ਦਰਸ਼ਨ ਦੀਦਾਰ ਦਾ ਧਿਆਨ ਧਰ ਕੇ
ਬੋਲੋ ਜੀ ਵਾਹਿਗੁਰੂ
ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ,
ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ,
ਤਪੀਆਂ, ਜਿਨ੍ਹਾ ਨਾਮ ਜਪਿਆਂ
ਵੰਡ ਛਕਿਆ, ਦੇਗ਼ ਚਲਾਈ, ਤੇਗ਼ ਵਾਹੀ
ਦੇਖ ਕੇ ਅਣਡਿੱਠ ਕੀਤਾ
ਤਿਨ੍ਹਾਂ ਪਿਆਰਿਆਂ, ਸਚਿਆਰਿਆਂ
ਦੀ ਕਮਾਈ ਦਾ ਧਿਆਨ ਧਰ ਕੇ
ਬੋਲੋ ਜੀ ਵਾਹਿਗੁਰੂ।
ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ
ਸੀਸ ਦਿਤੇ, ਬੰਦ-ਬੰਦ ਕਟਾਏ, ਖੋਪਰੀਆਂ
ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ
ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ
ਸੇਵਾ ਲਈ ਕੁਰਬਾਨੀਆਂ ਕੀਤੀਆਂ
ਧਰਮ ਨਹੀਂ ਹਾਰਿਆ
ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ

# ਅਰਦਾਸ

ਤਿਨ੍ਹਾ ਦੀ ਕਮਾਈ ਦਾ ਧਿਆਨ ਧਰ ਕੇ

ਬੋਲੋ ਜੀ ਵਾਹਿਗੁਰੂ

ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ

ਧਿਆਨ ਧਰ ਕੇ

ਬੋਲੋ ਜੀ ਵਾਹਿਗੁਰੂ

ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ

ਅਰਦਾਸ ਹੈ ਜੀ

ਸਰਬੱਤ ਖ਼ਾਲਸਾ ਜੀ ਕੋ

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ

ਚਿੱਤ ਆਵੇ

ਚਿੱਤ ਆਵਨ ਕਾ ਸਦਕਾ

ਸਰਬ ਸੁਖ ਹੋਵੇ

ਜਹਾਂ-ਜਹਾਂ ਖ਼ਾਲਸਾ ਜੀ ਸਾਹਿਬ

ਤਹਾਂ-ਤਹਾਂ ਰੱਛਿਆ ਰਿਆਇਤ

ਦੇਗ਼ ਤੇਗ਼ ਫਤਹਿ

ਬਿਰਦ ਕੀ ਪੈਜ, ਪੰਥ ਕੀ ਜੀਤ

ਸ੍ਰੀ ਸਾਹਿਬ ਜੀ ਸਹਾਇ

# ਅਰਦਾਸ

ਖ਼ਾਲਸੇ ਜੀ ਕੇ ਬੋਲ ਬਾਲੇ
ਬੋਲੋ ਜੀ ਵਾਹਿਗੁਰੂ
ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ
ਰਹਿਤ ਦਾਨ, ਬਿਬੇਕ ਦਾਨ
ਵਿਸਾਹ ਦਾਨ, ਭਰੋਸਾ ਦਾਨ
ਦਾਨਾਂ ਸਿਰ ਦਾਨ ਨਾਮ ਦਾਨ
ਸ੍ਰੀ ਅੰਮ੍ਰਿਤਸਰ ਜੀ
ਦੇ ਦਰਸ਼ਨ ਇਸ਼ਨਾਨ, ਚੌਂਕੀਆ ਝੰਡੇ ਬੁੰਗੇ
ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ
ਬੋਲੋ ਜੀ ਵਾਹਿਗੁਰੂ।
ਸਿਖਾਂ ਦਾ ਮਨ ਨੀਵਾਂ, ਮਤ ਉੱਚੀ
ਮਤ ਪਤ ਦਾ ਰਾਖਾ ਆਪਿ ਵਾਹਿਗੁਰੂ
ਹੇ ਨਿਮਾਣਿਆ ਦੇ ਮਾਣ, ਨਿਤਾਣਿਆਂ ਦੇ ਤਾਣ ਨਿਓਟਿਆਂ ਦੀ ਓਟ
ਸੱਚੇ ਪਿਤਾ ਵਾਹਿਗੁਰੂ ਆਪ ਜੀ ਦੇ ਹਜ਼ੂਰ.........**.........
ਦੀ ਅਰਦਾਸ ਹੈ ਜੀ
ਅੱਖਰ ਵਾਧਾ ਘਾਟਾ ਭੁਲ ਚੁੱਕ ਮਾਫ ਕਰਨੀ
ਸਰਬੱਤ ਦੇ ਕਾਰਜ ਰਾਸ ਕਰਨੇ
ਸੋਈ ਪਿਆਰੇ ਮੇਲ,

** ਜਿਸ ਕਾਰਜ ਲਈ ਅਰਦਾਸ ਕੀਤੀ ਜਾ ਰਹੀ ਹੋਵੇ।

# ਅਰਦਾਸ

ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੈ
ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ

# ਅਰਦਾਸ

## ਅਰਦਾਸ ਉਪਰੰਤ

ਹੇਠ ਲਿਖਿਆ ਦੋਹਰਾ ਪੜਿਆ ਜਾਂਦਾ ਹੈ:

ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ ।
ਸਭਿ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ ।
ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹਿ ।
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੈਂ ਲੇਹ ।
ਰਾਜ ਕਰੇਗਾ ਖ਼ਾਲਸਾ, ਆਕੀ ਰਹੈ ਨ ਕੋਇ ।
ਖੁਆਰ ਹੋਇ ਸਭ ਮਿਲੈਂਗੇ, ਬਚੇ ਸਰਣ ਜੋ ਹੋਏ ।
ਵਾਹਿਗੁਰੂ ਨਾਮ ਜਹਾਜ਼ ਹੈ, ਚੜੇ ਸੋ ਉਤਰੇ ਪਾਰ ।
ਜੋ ਸ਼ਰਧਾ ਕਰ ਸੇਵਦੇ, ਗੁਰ ਪਾਰ ਉਤਾਰਨ ਹਾਰ ।
ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ